refugee action

working with refugees to build new lives

# Section 4 NASS* ਸਪੋਰਟ

## Section 4* ਸਪੋਰਟ ਕਿਸ ਲਈ ਹੈ ?

ਤੁਸੀਂ Section 4* ਸਪੋਰਟ ਲਈ ਯੋਗ ਪਾਤਰ ਬਣ ਸਕਦੇ ਹੋ ਜੇ ਹੇਠ ਲਿਖੇ ਸਭ ਤੁਹਾਡੇ ਤੇ ਲਾਗੂ ਹੁੰਦੇ ਹਨ :

- ਤੁਸੀਂ ਸ਼ਰਣ ਲੈਣ ਦੀ ਕੋਸ਼ਿਸ ਕੀਤੀ ਸੀ ਅਤੇ
- ਤੁਹਾਡੇ ਸ਼ਰਣ ਲੈਣ ਦੇ ਦਾਅਵੇ ਨੂੰ ਨਾਮੰਜ਼ੂਰ ਕਰ ਦਿੱਤਾ ਗਿਆ ਸੀ ਅਤੇ
- ਤੁਹਾਡੀ ਸਹਾਇਤਾ ਲਈ ਕੋਈ ਹੋਰ ਸਾਧਨ ਨਹੀਂ
- ਜੇ ਤੁਸੀਂ ਅਪੀਲ ਕੀਤੀ ਹੈ, ਤਾਂ ਤੁਹਾਨੂੰ ਸਹਾਇਤਾ ਲੈਣ ਦਾ ਅਧਿਕਾਰ ਹੈ, ਕਿਰਪਾ ਕਰਕੇ ਸਾਨੂੰ ਪੁੱਛੋ।

ਅਤੇ ਜੇ ਹੇਠ ਲਿਖਿਆਂ ਵਿੱਚੋਂ ਕੋਈ ਇੱਕ ਲਾਗੂ ਹੁੰਦਾ ਹੈ :

- ਤੁਸੀਂ ਪਹਿਲਾਂ ਹੀ ਆਪਣੇ ਸਫ਼ਰ ਦੇ ਦਸਤਾਵੇਜ਼ਾਂ ਲਈ ਅਰਜ਼ੀ ਦੇ ਦਿੱਤੀ ਹੈ (ਆਪਣੀ ਐਮਬੈਸੀ/ਇਮੀਗਰੇਸ਼ਨ ਸਰਵਿਸ ਤੋਂ) ਜਾਂ ਵਾਲੰਟਰੀ ਰੀਟਰਨ (ਮਰਜ਼ੀ ਨਾਲ ਵਾਪਸ ਜਾਣ ਲਈ) ਲਈ ਰਜਿਸਟਰ ਹੋ ਗਏ ਹੋ ਅਤੇ ਵਾਪਸ ਜਾਣ ਤੋਂ ਪਹਿਲਾਂ, ਸਫ਼ਰ ਦੇ ਵੇਰਵਿਆਂ ਨੂੰ ਅੰਤਮ ਰੂਪ ਦਿੱਤੇ ਜਾਣ ਦੀ ਉਡੀਕ ਕਰ ਰਹੇ ਹੋ
- ਤੁਸੀਂ ਮੈਡੀਕਲ ਕਾਰਣਾਂ ਕਰਕੇ ਯੂਕੇ ਤੋਂ ਬਾਹਰ ਜਾਣ ਲਈ ਸਫ਼ਰ ਕਰਨ ਲਈ ਸਰੀਰਕ ਤੌਰ ਤੇ ਅਸਮਰਥ ਹੋ
- Home Office* ਦਾ ਕਹਿਣਾ ਹੈ ਕਿ ਤੁਹਾਡੇ ਦੇਸ਼ ਨੂੰ ਵਾਪਸ ਜਾਣ ਦਾ ਕੋਈ ਸੁਰੱਖਿਅਤ ਰਾਹ ਨਹੀਂ
- ਤੁਹਾਡੇ ਸ਼ਰਣ ਲੈਣ ਦੇ ਦਾਅਵੇ ਦੇ ਸੰਬੰਧ ਵਿੱਚ, ਤੁਹਾਨੂੰ Judicial Review* ਲੈਣ ਦੀ ਆਗਿਆ ਦਿੱਤੀ ਗਈ ਹੈ
- ਹੋਮ ਆਫ਼ਿਸ ਨੇ ਕਿਹਾ ਹੈ ਕਿ ਬਿਨਾਂ ਸਹਾਇਤਾ ਦੇ ਤੁਹਾਡੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ ਸਕਦੀ ਹੈ – ਜਿਵੇਂ ਕਿ, ਤੁਹਾਡੇ ਵਕੀਲ ਨੇ ਤੁਹਾਡੇ ਸ਼ਰਣ ਲੈਣ ਦੇ ਦਾਅਵੇ ਬਾਰੇ further representations* ਦਿੱਤੀ ਹੈ ਜਾਂ ਕਿਉਂ ਕਿ ਤੁਸੀਂ ਹਿਰਾਸਤ ਵਿੱਚ ਹੋ

## Section 4* ਸਪੋਰਟ ਕੀ ਹੈ ?

- NASS* ਵਲੋਂ ਅਕਸਰ ਭੋਜਨ ਅਤੇ ਗੁਲਸਖ਼ਾਨੇ ਲਈ ਪ੍ਰਤੀ ਹਫ਼ਤੇ £35 ਦੇ ਵਾਊਚਰਾਂ ਨਾਲ ਰਹਿਣ ਦੀ ਜਗ੍ਹਾ ਉਪਲਬਧ ਕੀਤੀ ਜਾਂਦੀ ਹੈ
- ਇਸ ਤੋਂ ਇਲਾਵਾ ਕੋਈ ਨਕਦ ਸਹਾਇਤਾ ਨਹੀਂ
- ਇਸ ਰਿਹਾਇਸ਼ ਦੇ ਉਸ ਇਲਾਕੇ ਵਿੱਚ ਹੋਣ ਦੀ ਸੰਭਾਵਨਾ ਹੈ, ਜਿੱਥੇ ਤੁਸੀਂ ਵੱਖ ਵੱਖ ਰਹਿੰਦੇ ਹੋ, ਪਰ ਤੁਹਾਨੂੰ ਆਪਣੀ ਹੁਣ ਦੀ ਰਿਹਾਇਸ਼ ਤੋਂ ਜਾਣਾ ਪਏਗਾ
- NASS* ਬਾਕਾਇਦਾ ਇਸ ਦੀ ਜਾਂਚ ਕਰ ਸਕਦਾ ਹੈ ਕਿ ਤੁਸੀਂ ਅਜੇ ਵੀ ਉੱਪਰਲੇ ਮਾਪਦੰਡ ਪੂਰੇ ਕਰਦੇਹੋ ਕਿ ਨਹੀਂ, ਜੇ ਤੁਸੀਂ ਨਹੀਂ ਕਰਦੇ ਤਾਂ ਉਹ ਸਪੋਰਟ ਦੇਣੀ ਬੰਦ ਕਰ ਸਕਦੇ ਹਨ (ਜਿਵੇਂ ਕਿ, ਜੇ ਤੁਸੀਂ ਮਰਜ਼ੀ ਨਾਲ ਵਾਪਸ ਜਾਣ ਦੀ ਅਰਜ਼ੀ ਵਾਪਸ ਲੈ ਲੈਂਦੇ ਹੋ ਤਾਂ ਤੁਹਾਡੀ ਸਪੋਰਟ ਰੱਦ ਹੋ ਜਾਏਗੀ)।

## ਮੈਂ ਅਰਜ਼ੀ ਕਿਵੇਂ ਦੇਵਾਂ ?

- ਕਿਰਪਾ ਕਰਕੇ ਆਪਣੀ ਸਭ ਤੋਂ ਨਜ਼ਦੀਕੀ ਐਡਵਾਈਸ ਏਜੰਸੀ ਤੇ ਜਾਉ – ਉਹ ਤੁਹਾਨੂੰ NASS* ਨੂੰ ਅਰਜ਼ੀ ਦੇਣ ਲਈ ਫ਼ਾਰਮ ਭਰਨ ਵਿੱਚ ਸਹਾਇਤਾ ਕਰ ਸਕਦੀ ਹੈ
- NASS* ਤੁਹਾਨੂੰ ਇੱਕਫ਼ਾਰਮ ਤੇ ਦਸਤਖ਼ਤ ਕਰਨ ਲਈ ਕਹੇਗਾ, ਜਿਸ ਵਿੱਚ ਇਹ ਲਿਖਿਆ ਹੋਏਗਾ ਕਿ ਤੁਸੀਂ Section 4* ਸਪੋਰਟ ਦੀਆਂ ਸ਼ਰਤਾਂ ਸਮਝਦੇ ਹੋ – ਅਸੀਂ ਤੁਹਾਨੂੰ ਇਨ੍ਹਾਂ ਬਾਰੇ ਸਮਝਾਵਾਂਗੇ।
- ਇਕ ਵਾਰੀ ਤੁਹਾਡੇ ਅਰਜ਼ੀ ਦੇਣ ਬਾਅਦ, ਤੁਹਾਨੂੰ ਇਹ ਪਤਾ ਲਗਣ ਵਿੱਚ ਕੁਝ ਸਮਾਂ ਲਗੇਗਾ, ਕਿ NASS* ਤੁਹਾਨੂੰ Section 4* ਸਪੋਰਟ ਦੇਵੇਗਾ ਕਿ।
- ਜੇ NASS* ਤੁਹਾਨੂੰ Section 4* ਸਪੋਰਟ ਦੇਵੇਗਾ ਤਾਂ ਇਸਤੋਂ ਪਹਿਲਾਂ ਕਿ ਤੁਸੀਂ ਆਪਣੀ ਰਿਹਾਇਸ਼ ਵਿੱਚ ਜਾ ਸਕੋ, ਇੱਕ ਹਫ਼ਤਾ ਹੋਰ ਲਗ ਸਕਦਾ ਹੈ।

* ਇਹ ਸ਼ਬਦ, ਸੰਸਥਾਵਾਂ ਦੇ ਅੰਗਰੇਜ਼ੀ ਨਾਂਅ ਜਾਂ ਉਹ ਸ਼ਬਦ ਹਨ, ਜਿਨ੍ਹਾਂ ਦਾ ਅਨੁਵਾਦ ਨਹੀਂ ਕੀਤਾ ਜਾ ਸਕਦਾ। ਕਿਰਪਾ ਕਰਕੇ ਕਿਸੇ ਐਡਵਾਈਸ ਵਰਕਰ ਨੂੰ ਕਹੋ ਕਿ ਉਹ ਤੁਹਾਨੂੰ ਇਨ੍ਹਾਂ ਦਾ ਮਤਲਬ ਸਮਝਾ ਦੇਵੇ।

**ਜੇ ਤੁਹਾਡੇ ਕੋਈ ਸਵਾਲ ਜਾਂ ਤੋਖ਼ਲੇ ਹਨ, ਤਾਂ ਕਿਰਪਾ ਕਰਕੇ ਪੁੱਛੋ।**

information